# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 14-08-2024**

ਰਾਸ਼ਟਰਪਤੀ ਦ੍ਰੋਪਦੀ ਮੁਰਮੂ 78ਵੇਂ ਆਜਾਦੀ ਦਿਹਾੜੇ ਪੂਰਵ ਸੰਧਿਆ 'ਤੇ ਅੱਜ ਸ਼ਾਮ 7 ਵਜੇ ਰਾਸ਼ਟਰ ਨੂੰ ਸੰਬੋਧਨ ਕਰਨਗੇ। ਇਹ ਸੰਬੋਧਨ ਆਕਾਸ਼ਵਾਣੀ ਦੇ ਪੂਰੇ ਨੈੱਟਵਰਕ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਦੂਰਦਰਸ਼ਨ ਦੇ ਸਾਰੇ ਚੈਨਲ ਇਸ ਨੂੰ ਹਿੰਦੀ ਅਤੇ ਫਿਰ ਅੰਗਰੇਜ਼ੀ ਵਿੱਚ ਪ੍ਰਸਾਰਿਤ ਕਰਨਗੇ। ਦੂਰਦਰਸ਼ਨ 'ਤੇ ਹਿੰਦੀ ਅਤੇ ਅੰਗਰੇਜ਼ੀ 'ਚ ਸੰਬੋਧਨ ਦੇ ਪ੍ਰਸਾਰਣ ਤੋਂ ਤੁਰੰਤ ਬਾਅਦ ਖੇਤਰੀ ਭਾਸ਼ਾ 'ਚ ਇਹ ਸੰਬੋਧਨ ਪ੍ਰਸਾਰਿਤ ਕੀਤਾ ਜਾਵੇਗਾ। ਆਕਾਸ਼ਵਾਣੀ ਇਸ ਨੂੰ ਆਪਣੇ ਖੇਤਰੀ ਨੈੱਟਵਰਕ 'ਤੇ ਰਾਤ ਸਾਢੇ 9 ਵਜੇ ਖੇਤਰੀ ਭਾਸ਼ਾ 'ਚ ਪ੍ਰਸਾਰਿਤ ਕਰੇਗਾ।

---------------------------------------------------------------

ਕੇਂਦਰੀ ਰੇਲ ਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਡੇਰਾ ਰਾਧਾ ਸੁਆਮੀ ਸਤਿਸੰਗ ਦੇ ਮੈਂਬਰਾਂ ਅਤੇ ਉੱਤਰੀ ਰੇਲਵੇ

ਦੇ ਸੀਨੀਅਰ ਅਧਿਕਾਰੀਆਂ ਨਾਲ ਕਲ ਇਕ ਉੱਚ ਪੱਧਰੀ ਮੀਟਿੰਗ ਕੀਤੀ ਏ। ਮਗਰੋਂ ਉਨਾਂ ਕਿਹਾ ਕਿ ਸਤਿਸੰਗ ਦੌਰਾਨ ਤੇ ਆਮ ਦਿਨਾਂ ਵਿੱਚ ਜ਼ਿਆਦਾਤਰ ਲੋਕ ਬਿਆਸ ਕਸਬੇ ਵਿੱਚ ਸਥਿਤ ਡੇਰੇ ਤੱਕ ਰੇਲਵੇ ਰਾਹੀਂ ਅਤੇ ਰੇਲਵੇ ਵਲੋਂ ਡੇਰਾ ਰਾਧਾ ਸੁਆਮੀ ਸਤਿਸੰਗ ਪ੍ਰਬੰਧਨ ਨੂੰ ਹਰ ਪੱਖੋਂ ਪੂਰਾ ਸਹਿਯੋਗ ਮਿਲੇਗਾ । ਉਨਾਂ ਕਿਹਾ ਕਿ ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਹੀ ਰੇਲਵੇ ਸਟੇਸ਼ਨ ਬਿਆਸ ਦੀ ਨਵੀਂ ਇਮਾਰਤ ਅੰਮ੍ਰਿਤ ਭਾਰਤ ਸਟੇਸ਼ਨਾਂ ਤਹਿਤ ਮੁੜ ਵਿਕਸਤ ਕੀਤੀ ਜਾ ਰਹੀ ਏ ਅਤੇ ਇਸ ਨਾਲ ਬਿਆਸ ਰੇਲਵੇ ਸਟੇਸ਼ਨ ਨੂੰ ਸਾਰੀਆਂ ਨਾਗਰਿਕ ਸਹੂਲਤਾਂ ਵਾਲਾ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਸਟੇਸ਼ਨ ਬਣਾਇਆ ਜਾਵੇਗਾ। ਰਵਨੀਤ ਸਿੰਘ ਬਿੱਟੂ ਨੇ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਉਹ ਇੱਕ ਵਾਰ ਖੁਦ ਰੇਲਵੇ ਸਟੇਸ਼ਨ ਬਿਆਸ ਦਾ ਦੌਰਾ ਕਰਨ ਅਤੇ ਟੈਂਡਰ ਜਾਰੀ ਕਰਨ ਤੇ ਅਖੀਰ ਵਿੱਚ ਡਿਜ਼ਾਈਨ ਨੂੰ ਮਨਜ਼ੂਰੀ ਦੇਣ ਤੋਂ ਪਹਿਲਾਂ ਡੇਰਾ ਪ੍ਰਬੰਧਕਾਂ ਵਲੋਂ ਸੁਝਾਈਆਂ ਕੁਝ ਸੋਧਾਂ ਨੂੰ ਧਿਆਨ ਵਿਚ ਰੱਖਣ । ਉਨਾਂ ਕਿਹਾ ਕਿ ਬਿਆਸ ਰੇਲਵੇ ਸਟੇਸ਼ਨ 'ਤੇ ਪੀਕ ਸੀਜ਼ਨ ਦੌਰਾਨ 30 ਤੋਂ 40 ਹਜਾਰ ਯਾਤਰੀ ਅਤੇ ਰੋਜ਼ਾਨਾ 6 ਹਜਾਰ ਯਾਤਰੀ ਆਉਂਦੇ ਨੇ ਪਰ

ਆਉਣ ਵਾਲੇ ਸਮੇਂ 'ਚ ਸਤਿਸੰਗ ਸੀਜ਼ਨ ਦੌਰਾਨ 60 ਤੋਂ 70 ਹਜਾਰ ਯਾਤਰੀਆਂ ਦੀ ਆਵਾਜਾਈ ਹੋਣ ਦੀ ਆਸ ਏ। ਮੀਟਿੰਗ ਵਿਚ ਉੱਤਰ ਰੇਲਵੇ ਦੇ ਜਨਰਲ ਮੈਨੇਜਰ ਸ਼ੋਭਮ ਚੌਧਰੀ, ਪ੍ਰਿੰਸੀਪਲ ਚੀਫ਼ ਇੰਜੀਨੀਅਰ ਐੱਸ. ਵਿਜੇ ਪ੍ਰਤਾਪ ਸਿੰਘ ਅਤੇ ਡੇਰੇ ਦੇ ਵਫ਼ਦ ਵਿੱਚ ਸਕੱਤਰ ਡੀ ਕੇ ਸੀਕਰੀ ਤੇ ਜ਼ੋਨਲ ਸਕੱਤਰ ਗੁਰਵਿੰਦਰ ਸਿੰਘ ਸਮੇਤ ਹੋਰ ਪਤਵੰਤੇ ਸ਼ਾਮਲ ਰਹੇ।

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ 25 ਅਗਸਤ ਨੂੰ ਆਕਾਸ਼ਵਾਣੀ 'ਤੇ ਮਨ ਕੀ ਬਾਤ ਪ੍ਰੋਗਰਾਮ ਰਾਹੀਂ ਦੇਸ਼ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਇਹ ਇਸ ਮਾਸਿਕ ਰੇਡੀਓ ਪ੍ਰੋਗਰਾਮ ਦਾ 113ਵਾਂ ਐਪੀਸੋਡ ਹੋਵੇਗਾ। ਪ੍ਰਧਾਨ ਮੰਤਰੀ ਦਫਤਰ ਨੇ ਇਸ ਪ੍ਰੋਗਰਾਮ ਲਈ ਲੋਕਾਂ ਤੋਂ ਵਿਚਾਰ ਅਤੇ ਸੁਝਾਅ ਮੰਗੇ ਨੇ। ਇਹ ਸੁਝਾਵ ਟੋਲ ਫਰੀ ਨੰਬਰ -1800 11 7800 'ਤੇ ਦਿੱਤੇ ਜਾ ਸਕਦੇ ਨੇ। ਇਸ ਤੋਂ ਅਲਾਵਾ ਨਰੇਂਦਰ ਮੋਦੀ ਐਪ ਜਾਂ ਮਾਈ ਜੀ ਓ ਵੀ ਓਪਨ ਫੋਰਮ 'ਤੇ ਵੀ ਲੋਕ ਆਪਣੇ

ਵਿਚਾਰ ਸਾਂਝੇ ਕਰ ਸਕਦੇ ਨੇ। ਇਹ ਵਿਚਾਰ ਅਤੇ ਸੁਝਾਅ 23 ਅਗਸਤ ਤੱਕ ਭੇਜੇ ਜਾ ਸਕਦੇ ਨੇ।

---------------------------------------------------------

ਦੇਸ਼ ਭਰ ਵਿਚ ਤੀਜੀ "ਹਰ ਘਰ ਤਿਰੰਗਾ" ਮੁਹਿੰਮ ਇਨੀਂ ਦਿਨੀਂ ਪੂਰੇ ਜ਼ੋਰ ਨਾਲ ਚਲ ਰਹੀ ਏ। ਇਸ ਪਹਿਲਕਦਮੀ ਦਾ ਮੰਤਵ ਹਰ ਭਾਰਤੀ ਨੂੰ ਰਾਸ਼ਟਰੀ ਝੰਡਾ ਤਿਰੰਗਾ ਲਹਿਰਾਉਣ ਲਈ ਉਤਸ਼ਾਹਿਤ ਕਰਕੇ ਨਾਗਰਿਕਾਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰੀ ਸਵੈਮਾਣ ਦੀ ਭਾਵਨਾ ਪੈਦਾ ਕਰਨਾ ਏ। ਪੰਜਾਬ ਦੇ ਲੋਕਾਂ ਵਿਚ ਵੀ ਇਸ ਮੁਹਿੰਮ ਨੂੰ ਲੈ ਕੇ ਭਾਰੀ ਉਤਸ਼ਾਹ ਏ।

**Byte:**

---------------------------------------------------------

ਇਸ ਦੌਰਾਨ ਦੇਸ਼ ਭਗਤੀ, ਏਕਤਾ ਅਤੇ ਰਾਸ਼ਟਰੀ ਸਵੈਮਾਣ ਨੂੰ ਦਰਸਾਉਂਦੇ ਹੋਏ ਜਲੰਧਰ ਡਵੀਜ਼ਨ ਦੇ ਡਾਕ ਕਰਮਚਾਰੀਆਂ ਨੇ "ਹਰ ਘਰ ਤਿਰੰਗਾ" ਮੁਹਿੰਮ ਤਹਿਤ ਕਲ ਫਲੈਗ ਮਾਰਚ ਕੱਢਿਆ। ਇਸ ਦੀ ਅਗਵਾਈ ਸੀਨੀਅਰ ਸੁਪਰਡੈਂਟ ਪੋਸਟ ਆਫਿਸ, ਜਲੰਧਰ ਸੁਭਾਸ਼ ਚੰਦਰ

ਮੀਨਾ ਅਤੇ ਸੁਧੀਰ ਕੁਮਾਰ ਸੀਨੀਅਰ ਪੋਸਟ ਮਾਸਟਰ ਜਲੰਧਰ ਸਿਟੀ ਮੁੱਖ ਦਫਤਰ ਨੇ ਕੀਤੀ । ਮਾਰਚ ਵਿੱਚ ਡਾਕ ਕਰਮਚਾਰੀਆਂ ਦੀ ਸਰਗਰਮ ਸ਼ਮੂਲੀਅਤ ਦੇਖੀ ਗਈ । ਇਹ ਮਾਰਚ ਜਲੰਧਰ ਸ਼ਹਿਰ ਦੇ ਡਾਕਖਾਨੇ ਤੋਂ ਸ਼ੁਰੂ ਹੋਇਆ ਅਤੇ ਵੱਖ-ਵੱਖ ਰਸਤਿਆਂ ਤੋਂ ਹੁੰਦੇ ਹੋਏ ਦੇਸ਼ ਭਗਤੀ ਤੇ ਏਕਤਾ ਦਾ ਸੁਨੇਹਾ ਸ਼ਹਿਰ ਵਾਸੀਆਂ ਨੂੰ ਦਿੱਤਾ । ਸੁਭਾਸ਼ ਚੰਦਰ ਮੀਨਾ ਅਤੇ ਸੁਧੀਰ ਕੁਮਾਰ ਨੇ ਇਸ ਨੇਕ ਕਾਰਜ ਵਿੱਚ ਡਾਕ ਕਰਮਚਾਰੀਆਂ ਦੇ ਉਤਸ਼ਾਹ ਅਤੇ ਭਾਗੀਦਾਰੀ ਦੀ ਸ਼ਲਾਘਾ ਕੀਤੀ । ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਰਹਿਣ ਅਤੇ ਭਾਰਤੀ ਤਿਰੰਗੇ ਰਾਹੀਂ ਦਰਸਾਈਆਂ ਗਈਆਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਣ ।

---------------------------------------------------------

ਏਧਰ ਮੋਗਾ ਵਿਚ ਭਾਰਤੀ ਜਨਤਾ ਪਾਰਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਡਾ ਸੀਮਾਂਤ ਗਰਗ ਦੀ ਅਗਵਾਈ ਵਿਚ ‘ਹਰ-ਘਰ ਤਿਰੰਗਾ’ ਰੈਲੀ ਕੱਢੀ ਗਈ । ਹਰ ਘਰ ਤਿਰੰਗਾ ਲਹਿਰਾਉਣ ਦੇ ਮੰਤਵ ਨਾਲ ਕੱਢੀ ਇਸ ਰੈਲੀ ਵਿੱਚ BJP ਦੇ ਅਹੁਦੇਦਾਰਾਂ, ਵਰਕਰਾਂ ਅਤੇ ਆਮ ਲੋਕਾਂ ਨੇ ਵੱਡੀ ਗਿਣਤੀ

ਵਿਚ ਸ਼ਮੂਲੀਅਤ ਕੀਤੀ। ਗੀਤਾ ਭਵਨ ਚੌਕ ਤੋਂ ਆਰੰਭ ਹੋਈ ਇਹ ਰੈਲੀ ਸ਼ਹਿਰ ਦੇ ਮੁਖ  ਬਜ਼ਾਰ ਵਿਚ ਦੀ ਲੰਘਦੀ ਹੋਈ ਸ਼ਹੀਦ ਜੋਗਿੰਦਰ ਸਿੰਘ ਚੌਕ ਨਜ਼ਦੀਕ ਸ਼ਹੀਦ ਭਗਤ ਸਿੰਘ ਪਾਰਕ ਵਿਖੇ ਪਹੁੰਚੀ । ਡਾ. ਸੀਮਾਂਤ ਗਰਗ ਨੇ ਸਹੀਦੇ-ਏ-ਆਜ਼ਮ ਭਗਤ ਸਿੰਘ ਦੇ ਆਦਮ ਬੁੱਤ ’ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਉਨਾਂ ਕਿਹਾ ਕਿ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਚੰਦਰਸ਼ੇਖਰ ਆਜ਼ਾਦ ਵਰਗੇ ਸੂਰਮਿਆਂ ਨੇ ਆਪਣੀਆਂ ਜਾਨਾਂ ਵਾਰ ਕੇ ਦੇਸ਼ ਨੂੰ ਆਜ਼ਾਦੀ ਦਿਵਾਈ ਅਤੇ ਇਸੇ ਆਜ਼ਾਦੀ ਸਦਕਾ ਅਸੀਂ ਮਾਣ ਨਾਲ ਦੇਸ਼ ਦਾ ਤਿਰੰਗਾ ਲਹਿਰਾਉਣ ਦੇ ਸਮਰੱਥ ਹੋ ਸਕੇ ਹਾਂ । ਉਨਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਦੂਰਅੰਦੇਸ਼ੀ ਵਾਲੀ ਸੋਚ ’ਤੇ ਪਹਿਰਾ ਦਿੰਦਿਆਂ ਨੋਜਨਾਵਾਂ ਨੂੰ ਵਿਕਸਤ ਭਾਰਤ ਦੇ ਨਿਰਮਾਣ ਲਈ ਅੱਗੇ ਆਉਣ ਦੀ ਅਪੀਲ ਕੀਤੀ ਏ।